## ਕਰੈਡਿਟ ਵੈਲੀ ਹਸਪਤਾਲ ਵਿੱਚ ਬੱਚਾ ਪੈਦਾ ਕਰਨ ਸੰਬੰਧੀ ਮਾਂ ਵਾਸਤੇ ਜ਼ਰੂਰੀ ਜਾਣਕਾਰੀ

ਜਿਉਂ ਹੀ ਤੁਹਾਨੂੰ ਲੱਗਦਾ ਹੋਵੇ ਕਿ ਤੁਸੀਂ ਗਰਭਵਤੀ ਹੋ, ਤਾਂ ਆਪਣੇ ਫੈਮਲੀ ਡਾਕਟਰ ਨੂੰ ਮਿਲੋ। ਉਹ ਤੁਹਾਡੇ ਨਾਲ ਜ਼ਰੂਰੀ ਜਾਣਕਾਰੀ ਸਾਂਝੀ ਕਰੇਗੀ/ਕਰੇਗਾ।

ਕਰੈਡਿਟ ਵੈਲੀ ਹਸਪਤਾਲ ਵਿਖੇ ਕੰਮ ਕਰਦੇ ਅਜਿਹੇ ਡਾਕਟਰ ਜੋ ਬੱਚਾ ਪੈਦਾ ਕਰਨ ਵਿੱਚ ਸਹਾਇਤਾ ਕਰਦੇ ਹਨ ਉਨ੍ਹਾਂ ਦੀ ਡਿਊਟੀ ਦਾ ਸਮਾਂ ਬਦਲਦਾ ਰਹਿੰਦਾ ਹੈ ਇਸ ਕਾਰਨ ਕਿਸੇ ਡਾਕਟਰ ਨੂੰ ਬੁੱਕ (ਇਸ ਮੰਤਵ ਲਈ ਨੀਯਤ ) ਨਹੀਂ ਕੀਤਾ ਜਾ ਸਕਦਾ। ਭਾਵੇਂ ਵਿਅਕਤੀਗਤ ਤੌਰ ਤੇ ਵਿਸ਼ੇਸ਼ ਬੇਨਤੀ ਨੂੰ ਪੂਰਾ ਕਰਨ ਲਈ ਹਰ ਜਤਨ ਕੀਤਾ ਜਾਂਦਾ ਹੈ, ਫ਼ਿਰ ਵੀ ਖ਼ਾਸ ਔਰਤ ਜਾਂ ਮਰਦ ਡਾਕਟਰ ਹੋਣ ਬਾਰੇ ਗਰੰਟੀ ਨਹੀਂ ਦਿੱਤੀ ਜਾ ਸਕਦੀ। ਬੱਚਾ ਪੈਦਾ ਕਰਨ ਸਮੇਂ ਜੇ ਤੁਸੀਂ ਸਿਰਫ਼ ਔਰਤ ਡਾਕਟਰ ਹੀ ਚਾਹੁੰਦੇ ਹੋਵੋ ਤਾਂ ਅਸੀਂ ਮਸ਼ਵਰਾ ਦਿੰਦੇ ਹਾਂ ਕਿ ਇਸ ਬਾਰੇ ਤੁਹਾਨੂੰ ਆਪਣੇ ਫ਼ੈਮਲੀ ਡਾਕਟਰ/ ਪਰਸੂਤ ਦੇ ਮਾਹਰ ਨਾਲ ਗੱਲ ਕਰਨੀ ਚਾਹੀਦੀ ਹੈ।

### ਲੇਬਰ ਅਤੇ ਡਲਿੱਵਰੀ (ਪਰਸੂਤ-ਪੀੜਾ ਅਤੇ ਬੱਚਾ ਪੈਦਾ ਕਰਨ ਲਈ ਹਸਪਤਾਲ ਅੰਦਰ ਨੀਯਤ) ਸਥਾਨ ਵਿਖੇ ਕਦੋਂ ਪਹੁੰਚਣਾ ਚਾਹੀਦਾ ਹੈ।

ਜੇ ਘੱਟੋ ਘੱਟ ਇੱਕ ਘੰਟੇ ਤੋਂ ਹਰ ਪੰਜ ਮਿੰਟਾਂ ਪਿੱਛੋਂ ਤੁਹਾਨੂੰ ਦਰਦੀਲੀਆਂ ਕੱਸਾਂ ਪੈਂਦੀਆਂ ਹੋਣ ਅਤੇ/ਜਾਂ ਝਿੱਲੀ ਫਟ (ਵਾਟਰ ਬਰੇਕ ਹੋ) ਗਈ ਹੋਵੇ ਅਤੇ ਨਿਕਲਦੇ ਤਰਲ ਪਦਾਰਥ ਦਾ ਰੰਗ ਹਰਾ,ਭੂਰਾ ਜਾਂ ਪੀਲੇ ਹੋਵੇ ਤਾਂ ਤੁਹਾਨੂੰ ਲੇਬਰ ਅਤੇ ਡਲਿੱਵਰੀ (ਪਰਸੂਤ-ਪੀੜਾ ਅਤੇ ਬੱਚਾ ਪੈਦਾ ਕਰਨ ਲਈ ਹਸਪਤਾਲ ਅੰਦਰ ਨੀਯਤ) ਸਥਾਨ ਵਿਖੇ ਤੁਰਤ ਪਹੁੰਚ ਜਾਣਾ ਚਾਹੀਦਾ ਹੈ। ਪਹਿਲਾਂ ਲੇਬਰ ਅਤੇ ਡਲਿੱਵਰੀ ਦੇ ਫ਼ੋਨ ਨੰਬਰ 905-813-3950 ਉੱਤੇ ਕਾਲ ਕਰ ਕੇ ਦੱਸੋ ਕਿ ਤੁਸੀਂ ਆ ਰਹੇ ਹੋ।

ਜੇ ਕੱਸਾਂ ਘੜੀ ਘੜੀ ਨਾ ਪੈਂਦੀਆਂ ਹੋਣ ਤਾਂ ਘਰੇ ਹੀ ਰਹੋ। ਦਿਨ ਸਮੇਂ ਆਮ ਵਾਂਗ ਕੰਮ ਕਾਜ ਕਰਦੇ ਰਹੋ ਅਤੇ ਰਾਤ ਨੂੰ ਸੌਣ ਦਾ ਜਤਨ ਕਰੋ। ਜੇ ਝਿੱਲੀ ਫਟ ਗਈ ਹੋਵੇ ਤਾਂ ਨਿਕਦਾ ਤਰਲ ਪਦਾਰਥ ਸਾਫ਼ ਰੰਗ (ਜਾਂ ਪਿਆਜ਼ੀ ਰੰਗ ਦੀ ਭਾਹ) ਵਾਲਾ ਹੋਵੇ ਤਾਂ ਆਪਣੇ ਡਾਕਟਰ ਨਾਲ ਗੱਲ ਕਰੋ।

ਥੋੜੀ ਜਿਹਾ ਲਹੂ ਕਿਲਨਾ ਜਾਂ ਦਿੱਸਣਾ ਸਾਧਾਰਨ ਗੱਲ ਹੁੰਦੀ ਹੈ ਅਤੇ ਚਿੰਤਾ ਦਾ ਜਾਂ ਹਸਪਤਾਲ ਵਿੱਚ ਦਾਖ਼ਲ ਹੋਣ ਦਾ ਕਾਰਨ ਨਹੀਂ ਬਣਨੀ ਚਾਹੀਦੀ। ਫ਼ਿਰ ਵੀ, ਜੇ ਲਹੂ ਭਾਰੀ ਮਾਤਰਾ ਵਿੱਚ ਅਤੇ ਚਮਕਦਾਰ ਲਾਲ ਰੰਗਦਾ ਹੋਵੇ ਤਾਂ ਤੁਰਤ ਹੀ ਲੇਬਰ ਅਤੇ ਡਲਿੱਵਰੀ (ਪਰਸੂਤ-ਪੀੜਾ ਅਤੇ ਬੱਚਾ ਪੈਦਾ ਕਰਨ ਲਈ ਹਸਪਤਾਲ ਅੰਦਰ ਨੀਯਤ) ਸਥਾਨ ਨੂੰ ਕਾਲ ਕਰੋ।

ਯਾਦ ਰੱਖੋ: ਜੇ ਤੁਸੀਂ ਹਸਪਤਾਲ ਨੂੰ ਆ ਰਹੇ ਹੋਵੋ ਤਾਂ ਆਪਣੇ ਨਾਲ ਆਪਣਾ ਹੈਲਥ ਕਾਰਡ, ਹਸਪਤਾਲ ਦਾ ਕਾਰਡ, ਇੰਨਸ਼ੋਰੈਂਸ ਦੀ ਕੱਵਰੇਜ ਦਾ ਪੱਤਰ, ਅਤੇ ਜੇ ਲਾਗੂ ਹੋਵੇ ਤਾਂ ਅਜਿਹਾ ਦਸਤਾਵੇਜ, ਜੋ ਤਸੀਂ ਆਪਣੇ ਪਦਾਇਸ਼ ਵਾਲੇ ਦੇਸ਼ ਤੋਂ ਪ੍ਰਾਪਤ ਕੀਤਾ ਹੋਵੇ, ਨਾਲ ਲੈ ਕੇ ਆਓ।

### ਦਰਦ ਉੱਤੇ ਕਾਬੂ ਪਾਉਣ ਦੇ ਢੰਗ

ਐਪੀਡਿਊਰਲ (Epidural)

ਪਰਸੂਤ-ਪੀੜਾ ਦੌਰਾਨ, ਦਰਦ ਉੱਤੇ ਕਾਬੂ ਪਾਉਣ ਲਈ ਤੁਹਾਡੇ ਸਾਮ੍ਹਣੇ ਕਈ ਢੰਗ ਹੁੰਦੇ ਹਨ। ਐਪੀਡਿਊਰਲ (Epidural) ਪਰਸੂਤ-ਪੀੜਾ ਉੱਤੇ ਕਾਬੂ ਪਾਉਣ ਲਈ ਇੱਕ ਬਹੁਤ ਸੁਰੱਖਿਅਤ ਅਤੇ ਪ੍ਰਭਾਵੀ ਤਰੀਕਾ ਹੁੰਦਾ ਹੈ। ਇਸ ਢੰਗ ਰਾਹੀਂ ਅਜਿਹੇ ਤੰਤੂਆਂ (ਨਰਵਜ਼), ਜੋ ਪੀੜਾ ਨੂੰ ਗਰਭ ਤੋਂ ਰੀੜ੍ਹ ਦੀ ਹੱਡੀ ਤੱਕ ਪਹੁੰਚਾਉਂਦੀਆਂ ਹਨ, ਨੂੰ "ਫ਼ਰੀਜ਼" ਕਰ ਕੇ ਪੀੜਾ ਤੋਂ ਆਰਾਮ ਪਾਇਆ ਜਾਂਦਾ ਹੈ। ਇਹ ਕੰਮ ਹੌਲੀ ਹੌਲੀ ਆਰਾਮ ਦੇਣ ਵਾਸਤੇ "ਫ਼ਰੀਜ਼ ਕਰਨ ਵਾਲੀਆਂ" ਦਵਾਈਆਂ ਅੰਦਰ ਪਹੁੰਚਾਉਣ ਦੇ ਮੰਤਵ ਨਾਲ ਪਿੱਠ ਦੇ ਥਲੜੇ ਹਿੱਸੇ ਵਿੱਚ ਪਲਾਸਟਿਕ ਦੀ ਇੱਕ ਛੋਟੀ ਜਿਹੀ ਟਿਊਬ ਉਸ ਹਿੱਸੇ ਵਿੱਚ ਘਸੋੜ ਕੇ ਨੇਪੜੇ ਚਾੜ੍ਹਿਆ ਜਾਂਦਾ ਹੈ। ਇਸ ਦੇ ਅਣਚਾਹੇ ਮੰਦੇ ਅਸਰ ਦੇ ਤੌਰ ਤੇ ਕਾਂਬਾ ਲੱਗਦਾ ਅਤੇ ਲੱਤਾਂ ਵਿੱਚ ਕਮਜ਼ੋਰੀ ਹੁੰਦੀ ਹੈ। ਜਿਉਂ ਜਿਉਂ "ਫ਼ਰੀਜ਼ ਕਰਨ ਵਾਲੀਆਂ"ਦਵਾਈਆਂ ਦਾ ਅਸਰ ਘਟਦਾ ਜਾਂਦਾ ਹੈ ਤਿਉਂ ਤਿਉਂ, ਲੱਤਾਂ ਵਿੱਚ ਤਾਕਤ ਆਮ ਵਾਂਗ ਆਉਣੀ ਸ਼ੁਰੂ ਹੋ ਜਾਂਦੀ ਹੈ। ਗੰਭੀਰ ਪੇਚੀਦਗੀਆਂ ਬਹੁਤ ਹੀ ਘੱਟ ਵਾਪਰਦੀਆ ਹਨ। ਬਹੁਤ ਘੱਟ ਔਰਤਾਂ ਸਿਰ ਦਰਦ ਜਾਂ ਪਿੱਠ ਦੇ ਥਲੜੇ ਹਿੱਸੇ ਵਿੱਚ ਦਰਦ ਮਹਿਸੂਸ ਕਰਦੀਆਂ ਹਨ ਜਿਸ ਨਾਲ ਕੋਈ ਪੱਕੀ ਸਮੱਸਿਆ ਖੜ੍ਹੀ ਨਹੀਂ ਹੁੰਦੀ।

ਐਨਟੋਨੌਕਸ (Entonox)

ਮਧੱਮ ਪੀੜ ਤੋਂ ਆਰਾਮ ਪਾਉਣ ਲਈ ਵਰਤੀ ਜਾਂਦੀ ਐਨਟੋਨੌਕਸ (Entonox) ਦੋ ਗੈਸਾਂ (ਔਕਸੀਜਨ ਅਤੇ ਨਾਈਟਰਸ ਔਕਸਾਈਡ ਜਾਂ ਹਸਾਉਣ ਵਾਲੀ ਗੈਸ) ਦਾ ਮਿਸ਼ਰਨ ਹੁੰਦੀ ਹੈ। ਜਦੋਂ ਕੱਸਾਂ ਪੈਂਦੀਆਂ ਹੋਣ ਉਸ ਸਮੇਂ ਦੌਰਾਨ ਆਮ ਕਰ ਕੇ ਇਹ ਆਮ ਤੌਰ ਤੇ ਆਪਣੇ ਆਪ ਵੀ ਲਈ ਜਾਂਦੀ ਹੈ ਅਤੇ ਪਰਸੂਤ-ਪੀੜਾ ਦੇ ਅੰਤਲੇ ਪੜਾਵਾਂ ਵੇਲੇ ਵਰਤੀ ਜਾਂਦੀ ਹੈ। ਇਸ ਗੈਸ ਕਾਰਨ ਮਰੀਜ਼ ਉਨੀਂਦਰਾ ਅਤੇ /ਜਾਂ ਚਕਰਾਉਂਦਾ ਮਹਿਸੂਸ ਕਰ ਸਕਦਾ ਹੈ।

ਨਾਰਕੌਟਿਕਸ (Narcotics)

ਨਾਰਕੌਟਿਕਸ (Narcotics) ਅਜਿਹੇ ਹੁੰਦੇ ਹਨ ਜਿੰਨ੍ਹਾਂ ਨਾਲ ਪੀੜ ਬਹੁਤ ਤੇਜ਼ੀ ਨਾਲ ਖ਼ਤਮ ਹੋ ਜਾਂਦੀ ਹੈ ਅਤੇ ਆਮ ਕਰ ਕੇ ਇਨ੍ਹਾਂ ਦਾ ਟੀਕਾ ਪੀੜ ਤੋਂ ਆਰਾਮ ਦੇਣ ਲਈ ਲਾਇਆ ਜਾਂਦਾ ਹੈ। ਇਨ੍ਹਾਂ ਦੇ ਅਣਚਾਹੇ ਮੰਦੇ ਅਸਰ ਕਾਰਨ ਉਨੀਂਦਰਾ, ਖੁਜਲੀ ਅਤੇ ਉਲਟੀ ਸਮੇਤ ਕਚਿਆਣ ਵੀ ਹੋ ਸਕਦੀ ਹੈ। ਨਾਰਕੌਟਿਕਸ (Narcotics) ਪਲਸੈਂਟਾ (placenta) ਬੱਚੇਦਾਨੀ ਤਕ ਪਹੁੰਚ ਜਾਂਦੇ ਹਨ ਅਤੇ ਬੱਚੇ ਨੂੰ ਨੀਂਦ ਲਿਆ ਦਿੰਦੇ ਹਨ। ਨਤੀਜੇ ਵਜੋਂ, ਆਮ ਕਰ ਕੇ ਇਹ ਪਰਸੂਤ-ਪੀੜਾ ਦੇ ਸਿਰਫ਼ ਮੁੱਢਲੇ ਸਮੇਂ ਦੌਰਾਨ ਹੀ ਦਿੱਤੇ ਜਾਂਦੇ ਹਨ।

## ਬੱਚਾ ਪੈਦਾ ਕਰਨ ਦੀ ਪਰਕਿਰਿਆ (ਅਮਲ)

ਅਸੀਂ ਤੁਹਾਡੇ ਸਾਥੀ ਅਤੇ ਤੁਹਾਡੇ ਸਹਾਇਕ ਵਿਅਕਤੀ (ਾਂ) ਨੂੰ ਉਤਸ਼ਾਹਤ ਕਰਦੇ ਹਾਂ ਕਿ ਉਹ ਬੱਚਾ ਪੈਦਾ ਕਰਨ ਦੀ ਪਰਕਿਰਿਆ ਵਿੱਚ ਸ਼ਾਮਲ ਹੋਣ। ਕਿਰਪਾ ਕਰ ਕੇ, ਯਾਦ ਰੱਖੋ ਕਿ ਥਾਂ ਦੀ ਘਾਟ ਕਾਰਨ ਬੱਚਾ ਪੈਦਾ ਕਰਨ ਦੀ ਪਰਕਿਰਿਆ ਦੌਰਾਨ ਦੋ ਤੋਂ ਵੱਧ ਵਿਅਕਤੀ ਤੁਹਾਡੇ ਕੋਲ ਨਹੀਂ ਰਹਿ ਸਕਦੇ। ਬੱਚਾ ਪੈਦਾ ਕਰਨ ਦੇ ਦੋ ਤਰੀਕੇ ਹੁੰਦੇ ਹਨ ਪੇਟ ਚਾਕ ਉਪਰੇਸ਼ਨ ਰਾਹੀਂ (ਸਿਜ਼ੈਰੀਅਨ) ਅਤੇ ਯੋਨੀ ਰਾਹੀ ਡਲਿੱਵਰੀ।

ਪੇਟ ਚਾਕ ਉਪਰੇਸ਼ਨ (ਸਿਜ਼ੇਰੀਅਨ) ਰਾਹੀਂ **ਬੱਚਾ ਪੈਦਾ ਕਰਨਾ**

ਜੇ ਡਾਕਟਰ ਇਹ ਦੱਸਦਾ ਹੈ ਕਿ ਤੁਹਾਡੇ ਬੱਚੇ ਨੂੰ ਪੇਟ ਚਾਕ ਉਪਰੇਸ਼ਨ (ਸਿਜ਼ੈਰੀਅਨ) ਰਾਹੀਂ **ਪੈਦਾ** ਕਰਨ ਦੀ ਲੋੜ ਹੈ ਤਾਂ ਤੁਹਾਨੂੰ ਐਪੀਡਿਊਰਲ, ਰੀੜ੍ਹ ਦੀ ਹੱਡੀ ਨੂੰ ਜਾਂ ਜਨਰਲ ਐਨਸਥੀਸੀਆ ਦਿੱਤਾ ਜਾਵੇਗਾ। ਬਹੁਤੀਆਂ ਹਾਲਤਾਂ ਵਿੱਚ, ਪੇਟ ਚਾਕ ਉਪਰੇਸ਼ਨ (ਸਿਜ਼ੈਰੀਅਨ) ਦੌਰਾਨ ਤੁਸੀਂ ਜਾਗਦੇ ਰਹੋਗੇ। ਉਪਰੇਸ਼ਨ ਵਾਲੇ ਰੂਮ ਵਿੱਚ ਦਾਖ਼ਲ ਹੋਣ ਤੋਂ ਪਹਿਲਾਂ, ਤੁਹਾਨੂੰ ਅਤੇ ਤੁਹਾਡੇ ਸਾਥੀ/ਸਹਾਇਕ ਵਿਅਕਤੀ ਨੂੰ ਪਹਿਨਣ ਲਈ ਉਚਤ ਕੱਪੜੇ ਦਿੱਤੇ ਜਾਣਗੇ। ਤਿਆਰੀ ਵਜੋਂ ਇੱਕ ਨਰਸ ਤੁਹਾਨੂੰ ਅੰਤਰ-ਨਸੀ ( ਇੰਟਰਾਵੀਨਸ) ਲਾਏਗੀ ਤਾ ਕਿ ਸਰਜਰੀ ਦੌਰਾਨ ਇਸ ਰਾਹੀਂ ਤੁਹਾਨੂੰ ਤਰਲ ਪਦਾਰਥ (ਫ਼ਲੂਅਡ) ਅਤੇ ਦਵਾਈਆਂ ਦਿੱਤੀਆ ਜਾ ਸਕਨ। ਤੁਹਾਡੇ ਬਲੈਡਰ ਅੰਦਰ ਇੱਕ ਲਚਕਦਾਰ ਟਿਊਬ (ਕੈਥੇਟਰ) ਲਾ ਦਿੱਤੀ ਜਾਵੇਗੀ ਤਾ ਜੋ ਸਰਜਰੀ ਦੌਰਾਨ ਬਲੈਡਰ ਨੂੰ ਖ਼ਾਲੀ ਰੱਖਿਆ ਜਾ ਸਕੇ। ਸਰਜਰੀ ਅਤੇ ਬਹਾਲੀ ਨੂੰ ਲਗਭਗ ਦੋ ਘੰਟੇ ਲੱਗ ਜਾਂਦੇ ਹਨ।

ਯੋਨੀ ਰਾਹੀਂ ਬੱਚਾ ਪੈਦਾ ਕਰਨਾ

ਯੋਨੀ ਰਾਹੀਂ ਬੱਚਾ ਪੈਦਾ ਕਰਨ ਪਿੱਛੋਂ ਇੱਕ ਘੰਟੇ ਲਈ ਤੁਹਾਨੂੰ ਲੇਬਰ ਅਤੇ ਡਲਿੱਵਰੀ (ਪਰਸੂਤ-ਪੀੜਾ ਅਤੇ ਬੱਚਾ ਪੈਦਾ ਕਰਨ ਲਈ ਹਸਪਤਾਲ ਅੰਦਰ ਨੀਯਤ) ਸਥਾਨ ਵਿਖੇ ਰੱਖਿਆ ਜਾਵੇਗਾ। ਨਰਸਾਂ ਚੈੱਕ ਕਰਨਗੀਆਂ ਕਿ ਕੀ ਤੁਹਾਡੀ ਬੱਚੇਦਾਨੀ ਕਾਫ਼ੀ ਕੱਸੀ ਹੋਈ ਹਾਲਤ ਵਿੱਚ ਹੈ ਅਤੇ ਬਲੱਡ ਪਰੈਸ਼ਰ, ਦਿਲ ਦੀ ਧੜਕਣ ਅਤੇ ਸਵਾਸ ਗਤੀ ਨੂੰ ਵੇਖਦੀਆਂ ਰਹਿਣਗੀਆਂ। ਵੇਖਿਆ ਜਾਵੇਗਾ ਕਿ ਤੁਹਾਡਾ ਲਹੂ ਆਮ ਮਾਤਰਾ ਨਾਲੋਂ ਵੱਧ ਤੇ ਨਹੀਂ ਘਟ ਰਿਹਾ ਅਤੇ, ਜੇ ਬੱਚਾ ਪੈਦਾ ਕਰਨ ਵਿੱਚ ਸੌਖ ਲਈ ਯੋਨੀ ਨੂੰ ਖੋਲ੍ਹਣ ਵਾਸਤੇ ਤੁਹਾਨੂੰ ਸਰਜਰੀ ਦਾ ਚੀਰਾ (ਐਪਿਸਿਓਟੋਮੀ) ਲਾਇਆ ਗਿਆ ਹੋਵੇ ਤਾਂ ਉਸ ਜਗ੍ਹਾ ਨੂੰ ਵੀ ਚੈੱਕ ਕੀਤਾ ਜਾਵੇਗਾ। ਤੁਹਾਡੇ ਬੱਚੇ ਦੀ ਨਿਗਰਾਨੀ ਵੀ ਕੀਤੀ ਜਾਵੇਗੀ। ਤੁਹਾਡੇ ਬੱਚੇ ਦਾ ਭਾਰ ਤੋਲਿਆ ਜਾਵੇਗਾ ਅਤੇ ਤੁਹਾਡੀ ਮਦਦ ਕੀਤੀ ਜਾਵੇਗੀ ਕਿ ਤੁਸੀਂ ਛਾਤੀ ਦਾ ਦੁੱਧ ਪਿਆਉਣਾ ਸ਼ੁਰੂ ਕਰੋ। **ਇਹ ਯਕੀਨੀ ਬਣਾਉਣ ਲਈ ਕਿ ਤੁਹਾਡਾ ਬੱਚਾ ਮੁੱਢਲੇ ਸਮੇਂ ਵਿੱਚ ਦੁੱਧ ਅੰਦਰਲੇ ਪੁਸ਼ਟੀਕਰ ਅੰਸ਼ ਪ੍ਰਾਪਤ ਕਰਦਾ ਹੈ ਜਿੰਨੀ ਛੇਤੀ ਹੋ ਸਕੇ ਛਾਤੀ ਦਾ ਦੁੱਧ ਪਿਆਉਣਾ ਸ਼ੁਰੂ ਕਰਨ ਲਈ ਤੁਹਾਨੂੰ ਉਤਸ਼ਾਹ ਦਿੱਤਾ ਜਾਂਦਾ ਹੈ।**

ਕਲੌਟਿੰਗ ਸਿਸਟਮ ਸ਼ੁਰੂ ਕਰਨ ਵਿੱਚ ਮਦਦ ਕਰਨ ਵਾਸਤੇ ਆਪਣੇ ਬੱਚੇ ਦੇ ਪੈਦਾ ਹੋਣ ਤੇ ਬੱਚੇ ਦੇ ਪੱਟ ਵਿੱਚ ਵਿਟਾਮਨ ਕੇ (Vitamin K) ਦਾ ਟੀਕਾ ਲਾਇਆ ਜਾਵੇਗਾ। ਇਸ ਖ਼ਾਤਰ ਕਿ ਕਿਤੇ ਪੈਦਾ ਹੋਣ ਸਮੇਂ ਕੋਈ ਜਰਾਸੀਮ (ਬੈਟੇਰੀਆ) ਬੱਚੇ ਦੀਆਂ ਅੱਖਾਂ ਨੂੰ ਨਾ ਲੱਗ ਗਿਆ ਹੋਵੇ, ਸਾਰੇ ਨਵੇਂ ਜੰਮਦੇ ਬੱਚਿਆਂ ਦੀਆਂ ਅੱਖਾਂ ਨੂੰ ਐਂਟੀਬਾਇਟਕ ਦੀ ਮੱਲ੍ਹਮ ਦਾ ਲੇਪ ਕੀਤਾ ਜਾਂਦਾ ਹੈ।

## ਮਿਲਨ ਦਾ ਸਮਾਂ

ਬੱਚੇ ਨੂੰ ਜਨਮ ਦੇਣ ਪਿੱਛੋਂ ਬਹਾਲੀ ਦੌਰਾਨ, ਮੇਲ-ਮਿਲਾਪ ਘੱਟ ਕਰ ਦਿੱਤਾ ਜਾਂਦਾ ਹੈ। ਬਹਾਲੀ ਪਿੱਛੋਂ, ਜਨਮ ਪਸ਼ਚਾਤ (ਪੋਸਟ ਪਾਰਟਮ)/ਬੱਚੇ ਦੇ ਜਨਮ ਅਤੇ ਮਾਂ ਦੀ ਸੰਭਾਲ (ਆਬਸਟੈਟ੍ਰਿਕਸ) ਕਰਨ ਵਾਲੀ ਥਾਂ ਪਹੁੰਚਾਇਆ ਜਾਂਦਾ ਹੈ ਜਿੱਥੇ ਮਿਲਨ ਵਾਲਿਆਂ ਨੂੰ ਮਿਲਨ ਦੀ ਖੁੱਲ੍ਹ ਹੁੰਦੀ ਹੈ। ਆਮ ਕਰ ਕੇ, ਮਿਲਨ ਦਾ ਸਮਾਂ 2 ਵਜੇ ਬਆਦ ਦੁਪਹਿਰ ਤੋਂ 8:30 ਵਜੇ ਅੰਦਰ ਅੰਦਰ ਹੁੰਦਾ ਹੈ। ਬੱਚੇ ਦਾ ਪਿਤਾ ਅਤੇ/ਜਾਂ ਤੁਹਾਡੀ ਸਹਇਤਾ ਕਰਨ ਵਾਲਾ ਵਿਅਕਤੀ ਕਿਸੇ ਸਮੇਂ ਵੀ ਮਿਲ ਸਕਦਾ ਹੈ। ਪੈਦਾ ਹੋਏ ਬੱਚੇ ਦੇ 12 ਸਾਲ ਤੋਂ ਵੱਧ ਉਮਰ ਦੇ ਭੈਣ/ਭਰਾ ਵੀ ਮਿਲ ਸਕਦੇ ਹਨ। ਅਸੀਂ ਚਾਹੁੰਦੇ ਹਾਂ ਕਿ ਮਿਲਨ ਵਾਲਿਆਂ ਦੀ ਗਿਣਤੀ ਅਤੇ ਸਮਾਂ ਘੱਟ ਰੱਖਿਆ ਜਾਵੇ। ਤੁਹਾਡੇ ਕਮਰੇ ਵਿੱਚ ਦਾਖ਼ਲ ਹੋਏ ਦੂਜੇ ਮਰੀਜ਼ ਨੂੰ ਵੀ ਧਿਆਣ ਵਿੱਚ ਰੱਖਣਾ ਚਾਹੀਦਾ ਹੈ।

## ਹਸਪਤਾਲ ਵਿੱਚੋਂ ਜਾਣ ਦਾ ਸਮਾਂ

ਯੋਨੀ ਰਾਹੀਂ ਬੱਚਾ ਪੈਦਾ ਕਰਨ ਦੀ ਸੂਰਤ ਵਿੱਚ 24 ਘੰਟੇ ਅਤੇ ਪੇਟ ਚਾਕ ਉਪਰੇਸ਼ਨ (ਸਿਜ਼ੈਰੀਅਨ) ਰਾਹੀਂ ਬੱਚਾ ਪੈਦਾ ਕਰਨ ਦੀ ਸੂਰਤ ਵਿੱਚ 72 ਘੰਟੇ ਪਿੱਛੋਂ ਹਸਪਤਾਲ ਵਿੱਚੋਂ ਜਾਣ ਦਿੱਤਾ ਜਾਂਦਾ ਹੈ। ਤੁਹਾਨੂੰ ਬੱਚਾ ਪੈਦਾ ਕਰਨ ਦੇ ਪੰਜ ਦਿਨ ਅੰਦਰ ਚੈੱਕ-ਅੱਪ (ਮੁਾਇਨਾ) ਕਰਵਾਉਣ ਲਈ ਹਸਪਤਾਲ ਵਾਪਸ ਆਉਣਾ ਪਵੇਗਾ। ਜੇ ਤੁਸੀਂ ਹਸਪਤਾਲ ਆਉਣ ਲਈ ਵਸੀਲੇ ਦਾ ਪ੍ਰਬੰਧ ਨਹੀਂ ਕਰ ਸਕਦੇ ਤਾਂ ਇਸ ਬਾਰੇ ਨਰਸ ਨੂੰ ਦੱਸ ਦਿਓ। ਜੇ ਤੁਸੀਂ ਬੱਚੇ ਦੀ ਸੁੰਨਤ ਕਰਵਾਉਣੀ ਚਾਹੁੰਦੇ ਹੋ, ਤਾਂ ਨਰਸ ਤੋਂ ਅਜਿਹੇ ਡਾਕਟਰਾਂ ਦੀ ਸੂਚੀ ਮੰਗੋ ਜਿਹੜੇ ਇਹ ਕੰਮ ਕਰ ਸਕਦੇ ਹਨ।

## ਜ਼ਰੂਰੀ ਫ਼ੋਨ ਨੰਬਰ

| | |
|---|---|
| ਲੇਬਰ ਅਤੇ ਡਲਿੱਵਰੀ (ਪਰਸੂਤ-ਪੀੜਾ ਅਤੇ ਬੱਚਾ ਪੈਦਾ ਕਰਨ ਲਈ ਹਸਪਤਾਲ ਅੰਦਰ ਨੀਯਤ) ਸਥਾਨ | 905-813-3950 |
| ਮੈਟਰਨਲ/ਚਾਇਲਡ ਸਰਵਸਿਜ਼ | 905-813-3944 |
| ਪੋਸਟ-ਪਾਰਟਮ (ਬੱਚੇ ਦੇ ਜਨਮ ਅਤੇ ਮਾਂ ਦੀ ਸੰਭਾਲ) | 905-813-2200 ਐਕਸਟੈਂਸ਼ਨ 6909 |
| ਛਾਤੀ ਦਾ ਦੁੱਧ ਪਿਆਉਣ ਸੰਬੰਧੀ ਕਲਿਨਿਕ | 905-813-3324 |
| ਹੈਥਲਾਈਨ ਪੀਲ | 905-799-7700 |